BC Epilepsy Society

## ਤੁਹਾਡੀ ਇਲਾਜ ਕਰਨ ਵਾਲੀ ਟੀਮ (Your Health Care Team)

ਮਿਰਗੀ ਇਕ ਅਜਿਹੀ ਹਾਲਤ ਹੈ ਜਿਹੜੀ ਕਿਸੇ ਵੀ ਵਿਅਕਤੀ ਦੀ ਜ਼ਿੰਦਗੀ ’ਤੇ ਕਈ ਤਰੀਕਿਆਂ ਨਾਲ ਅਸਰ ਪਾ ਸਕਦੀ ਹੈ। ਇਨ੍ਹਾਂ ਦੀਆਂ ਨਿਸ਼ਾਨੀਆਂ ਅਤੇ ਇਨ੍ਹਾਂ ਦੇ ਅਸਰਾਂ ਨਾਲ ਸਿੱਝਣ ਲਈ ਅਤੇ ਸਭ ਤੋਂ ਵਧੀਆ ਜਾਣਕਾਰੀ ਅਤੇ ਵਸੀਲੇ ਲੈਣ ਲਈ, ਆਪਣੇ ਦੁਆਲੇ ਦੇ ਮਦਦ ਦੇ ਸਾਰੇ ਸੰਭਾਵੀ ਵਸੀਲਿਆਂ ’ਤੇ ਵਿਚਾਰ ਕਰਨਾ ਜ਼ਰੂਰੀ ਹੈ। ਤੁਹਾਡੀ ਇਲਾਜ ਕਰਨ ਵਾਲੀ ਟੀਮ ਦੇ ਮੈਂਬਰਾਂ ਵਿਚ ਪ੍ਰੋਫੈਸ਼ਨਲ ਮਾਹਰਾਂ ਤੋਂ ਲੈ ਕੇ ਸਾਥੀ ਅਤੇ ਪਰਿਵਾਰ ਦੇ ਮੈਂਬਰ ਸ਼ਾਮਲ ਹੋ ਸਕਦੇ ਹਨ, ਇਸ ਕਰਕੇ ਆਲੇ-ਦੁਆਲੇ ਦੇਖਣਾ ਅਤੇ ਇਹ ਸੋਚਣਾ ਮਹੱਤਵਪੂਰਨ ਹੈ ਕਿ ਆਪਣੀ ਟੀਮ ਦੇ ਮੁਖੀ ਵਜੋਂ ਤੁਸੀਂ ਇਨ੍ਹਾਂ ਲੋਕਾਂ ਦਾ ਸਭ ਤੋਂ ਵਧੀਆ ਫਾਇਦਾ ਕਿਵੇਂ ਲੈਣਾ ਹੈ।

### ਨਿਊਰੋਲੋਜਿਸਟ

ਨਿਊਰੋਲੋਜਿਸਟ ਨਰਵਸ ਸਿਸਟਮ ਦੇ ਵਿਗਾੜਾਂ ਦੇ ਇਲਾਜ ਲਈ ਇਕ ਸਪੈਸ਼ਲਿਸਟ ਹੁੰਦਾ ਹੈ ਅਤੇ ਉਹ ਨਰਵਸ ਸਿਸਟਮ ਦੀਆਂ ਬੀਮਾਰੀਆਂ ਦਾ ਪਤਾ ਲਾਉਣ, ਜਾਂ ਪਛਾਣ ਕਰਨ ਅਤੇ ਇਲਾਜ ਕਰਨ ਲਈ ਟਰੇਂਡ ਹੁੰਦਾ ਹੈ। ਪੀਡੀਐਟਰਿਕ ਨਿਊਰੋਲੋਜਿਸਟ ਬੱਚਿਆਂ ਦੇ ਨਰਵਸ ਸਿਸਟਮ ਦੇ ਵਿਗਾੜਾਂ ਦਾ ਇਲਾਜ ਕਰਦੇ ਹਨ। ਨਿਊਰੋਲੋਜਿਸਟ ਅਕਸਰ ਵੱਖਰੇ ਵੱਖਰੇ ਖੇਤਰਾਂ ਜਾਂ ਹਾਲਤਾਂ ਵਿਚ ਮਾਹਰ ਹੁੰਦੇ ਹਨ ਜਿਵੇਂ ਕਿ ਨਿਊਰੋਮਸਕੂਲਰ ਵਿਗਾੜ, ਸਟਰੋਕ, ਮਲਟੀਪਲ ਸਕਲੇਰੋਸਿਸ, ਜਾਂ ਮਿਰਗੀ। ਤੁਸੀਂ ਕਿਸੇ ਨਿਊਰੋਲੋਜਿਸਟ ਕੋਲ ਨੇਮ ਨਾਲ ਜਾ ਸਕਦੇ ਹੋ, ਇਲਾਜ ਬਾਰੇ ਵਿਚਾਰ ਕਰਨ ਲਈ ਸਾਲ ਵਿਚ ਇਕ ਜਾਂ ਦੋ ਵਾਰੀ ਜਾ ਸਕਦੇ ਹੋ, ਜਾਂ ਆਪਣੀ ਹਾਲਤ ਬਾਰੇ ਜਾਣਨ ਲਈ ਤੁਹਾਨੂੰ ਉਸ ਕੋਲ ਸ਼ੁਰੂ ਵਿਚ ਹੀ ਜਾਣ ਦੀ ਲੋੜ ਹੋ ਸਕਦੀ ਹੈ। ਇਸ ਤੋਂ ਬਾਅਦ, ਤੁਹਾਡਾ ਆਮ ਇਲਾਜ ਕਿਸੇ ਜਨਰਲ ਪ੍ਰੈਕਟੀਸ਼ਨਰ ਵਲੋਂ ਕੀਤਾ ਜਾ ਸਕਦਾ ਹੈ। ਜਨਰਲ ਪ੍ਰੈਕਟੀਸ਼ਨਰ ਨਿਊਰੋਲੋਜਿਸਟਾਂ ਕੋਲ ਭੇਜਦੇ ਹਨ। ਨਿਊਰੋਲੋਜਿਸਟ ਵੱਡੇ ਸੈਂਟਰਾਂ ਅਤੇ ਹਸਪਤਾਲਾਂ ਵਿਚ ਪ੍ਰੈਕਟਿਸ ਕਰਦੇ ਹਨ ਅਤੇ ਉਨ੍ਹਾਂ ਨੂੰ ਦੇਖਣ ਜਾਣ ਲਈ ਤੁਹਾਨੂੰ ਸਫਰ ਕਰਨ ਦੀ ਲੋੜ ਪੈ ਸਕਦੀ ਹੈ।

### ਜਨਰਲ ਪ੍ਰੈਕਟੀਸ਼ਨਰ

ਜਨਰਲ ਪ੍ਰੈਕਟੀਸ਼ਨਰ ਜਾਂ ਫੈਮਿਲੀ ਡਾਕਟਰ ਅਕਸਰ ਮੁਢਲਾ ਇਲਾਜ ਕਰਨ ਵਾਲੇ ਪ੍ਰੋਫੈਸ਼ਨਲ ਹੁੰਦੇ ਹਨ ਜੋ ਤੁਹਾਡਾ ਇਲਾਜ ਕਰਦੇ ਹਨ ਅਤੇ ਤੁਹਾਡੀ ਤਰੱਕੀ ’ਤੇ ਨਿਗਰਾਨੀ ਰੱਖਣ ਲਈ ਮੌਜੂਦ ਹੁੰਦੇ ਹਨ। ਉਹ ਅਕਸਰ ਦਵਾਈਆਂ ਦੀਆਂ ਪਰਚੀਆਂ ਲਿਖਦੇ ਹਨ, ਫੌਰੀ ਫਿਕਰਾਂ ਦਾ ਹੱਲ ਕਰਦੇ ਹਨ, ਅਤੇ ਮਰੀਜ਼ਾਂ ਨਾਲ ਲੰਮੇ ਸਮੇਂ ਲਈ ਸਬੰਧ ਬਣਾਉਂਦੇ ਹਨ। ਉਹ ਸਪੈਸ਼ਲਿਸਟਾਂ ਕੋਲ ਭੇਜਣ ਦੇ ਵੀ ਯੋਗ ਹਨ ਜੋ ਕਿ ਆਪਣੀ ਰਾਇ ਦੇ ਸਕਦੇ ਹਨ ਅਤੇ ਹੋਰ ਸਵਾਲਾਂ ਦੇ ਜਵਾਬ ਦੇ ਸਕਦੇ ਹਨ। ਜੇ ਤੁਹਾਨੂੰ ਅਜਿਹਾ ਜਨਰਲ ਪ੍ਰੈਕਟੀਸ਼ਨਰ ਲੱਭਣ ਵਿਚ ਮੁਸ਼ਕਲ ਆ ਰਹੀ ਹੋਵੇ ਜਿਹੜਾ ਮਰੀਜ਼ ਲੈਂਦਾ ਹੋਵੇ ਤਾਂ ਤੁਸੀਂ ਵਾਕ-ਇਨ ਕਲੀਨਿਕ ਜਾ ਸਕਦੇ ਹੋ, ਜਾਂ ਕਾਲਜ ਔਫ ਫਿਜ਼ੀਸ਼ਨਜ਼ ਐਂਡ ਸਰਜਨਜ਼ ਔਫ ਬ੍ਰਿਟਿਸ਼ ਕੋਲੰਬੀਆ ਦੇ ਵੈੱਬਸਾਈਟ ’ਤੇ ਜਾਉ: [www.cpsbc.ca](http://www.cpsbc.ca)

### ਨਰਸਾਂ

ਡਾਕਟਰ ਦੇ ਦਫਤਰ, ਸਕੂਲ ਜਾਂ ਹੈਲਥ ਕੇਅਰ ਦੇ ਕਿਸੇ ਹੋਰ ਸ੍ਰੋਤ ਰਾਹੀਂ ਤੁਹਾਡੀ ਕਿਸੇ ਨਰਸ ਤੱਕ ਪਹੁੰਚ ਹੋ ਸਕਦੀ ਹੈ। ਨਰਸਾਂ ਅਕਸਰ ਅਮਲੀ ਸਲਾਹ ਅਤੇ ਸਿੱਖਿਆ ਦੇਣ ਅਤੇ ਤੁਹਾਡੇ ਅਤੇ ਤੁਹਾਡੇ ਡਾਕਟਰ ਦੇ ਵਿਚਕਾਰ ਤਾਲਮੇਲ ਕਰਨ ਲਈ ਉਪਲਬਧ ਹੋ ਸਕਦੀਆਂ ਹਨ। ਨਰਸਾਂ ਸਮੱਸਿਆਵਾਂ ਨੂੰ ਪੈਦਾ ਹੋਣ ਤੋਂ ਪਹਿਲਾਂ ਰੋਕਥਾਮ ਕਰਨ ਲਈ ਕੀਮਤੀ ਸੰਭਾਲ ਕਰ ਸਕਦੀਆਂ ਹਨ, ਰੋਜ਼ਮਰਾ ਦੀਆਂ ਸਿਹਤ ਅਤੇ ਸੇਫਟੀ ਦੀਆਂ ਪਲੈਨਾਂ ਵਿਚ ਮਦਦ ਕਰ ਸਕਦੀਆਂ ਹਨ ਅਤੇ ਸਵੈ-ਨਿਰਭਰਤਾ ਲਈ ਉਤਸ਼ਾਹ ਦੇ ਸਕਦੀਆਂ ਹਨ।

### ਫਾਰਮਾਸਿਸਟ

ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਤਿਆਰ ਕਰਨ ਦੇ ਇਲਾਵਾ, ਫਾਰਮਾਸਿਸਟ ਦਵਾਈਆਂ ਬਾਰੇ ਜਾਣਕਾਰੀ ਦੇਣ ਦੇ ਕੀਮਤੀ ਸ੍ਰੋਤ ਹਨ। ਇਹ ਪੱਕਾ ਕਰਨ ਲਈ ਉਹ ਅਕਸਰ ਸਮਾਂ ਲਾਉਣਗੇ ਕਿ ਤੁਸੀਂ ਆਪਣੀਆਂ ਦਵਾਈਆਂ ਲੈਣ ਦੇ ਸਮਿਆਂ ਨੂੰ ਸਮਝਦੇ ਹੋ, ਅਤੇ ਤੁਸੀਂ ਸੰਭਵ ਸਾਈਡ ਇਫੈਕਟਾਂ ਤੋਂ ਜਾਣੂ ਹੋ। ਉਹ ਹੋਰ ਦਵਾਈਆਂ ਅਤੇ ਇਨ੍ਹਾਂ ਦੇ ਸੰਭਾਵੀ ਸੰਬੰਧਾਂ ਬਾਰੇ ਸਵਾਲਾਂ ਦੇ ਜਵਾਬ ਦੇਣ ਲਈ ਵੀ ਉਪਲਬਧ ਹਨ, ਜਿਵੇਂ ਕਿ ਦਰਦ ਤੋਂ ਆਰਾਮ ਦੀਆਂ ਦਵਾਈਆਂ, ਜ਼ੁਕਾਮ ਦਾ ਇਲਾਜ ਅਤੇ ਹੋਰ ਦਵਾਈਆਂ।

### ਮੈਂਟਲ ਹੈਲਥ ਪ੍ਰੋਫੈਸ਼ਨਲ

ਸਾਇਕੋਲੋਜਿਸਟ ਜਾਂ ਕੌਂਸਲਰ ਕਿਸੇ ਹਾਲਤ ਦੀ ਪਛਾਣ ਕਰਨ, ਰਾਇ ਦੇਣ ਲਈ ਇਕ ਵਾਰੀ ਸੰਪਰਕ ਕਰਨ ਵਾਲੇ ਵਜੋਂ ਕਾਰਵਾਈ ਕਰ ਸਕਦਾ ਹੈ ਜਾਂ ਤਰੱਕੀ ’ਤੇ ਨਿਗਰਾਨੀ ਰੱਖਣ ਲਈ ਤੁਹਾਡੀਆਂ ਨੇਮ ਨਾਲ ਮੀਟਿੰਗਾਂ ਹੋ ਸਕਦੀਆਂ ਹਨ। ਸਾਇਕੋਲੋਜਿਸਟ ਸੋਚਣੀ, ਭਾਵਨਾਵਾਂ ਅਤੇ ਵਤੀਰੇ

ਦੀਆਂ ਸਮੱਸਿਆਵਾਂ ਦਾ ਪਤਾ ਲਾਉਣ ਅਤੇ ਇਨ੍ਹਾਂ ਦੀ ਪਛਾਣ ਕਰਨ ਲਈ ਟਰੇਂਡ ਹੋਣ ਦੇ ਨਾਲ ਨਾਲ ਇਨ੍ਹਾਂ ਸਮੱਸਿਆਵਾਂ ’ਤੇ ਕਾਬੂ ਪਾਉਣ ਵਿਚ ਲੋਕਾਂ ਦੀ ਮਦਦ ਕਰਨ ਲਈ ਵੀ ਟਰੇਂਡ ਹੁੰਦੇ ਹਨ। ਉਨ੍ਹਾਂ ਕੋਲ ਅਕਸਰ ਡੌਕਟਰੋਲ ਡਿਗਰੀ ਹੁੰਦੀ ਹੈ, ਇਸ ਕਰਕੇ ਉਹ “ਡਾਕਟਰ” ਦਾ ਟਾਈਟਲ ਵਰਤ ਸਕਦੇ ਹਨ। ਨਿਊਰੋਸਾਇਕੋਲੋਜਿਸਟ ਇਕ ਲਾਇਸੰਸਸ਼ੁਦਾ ਸਾਇਕੋਲੋਜਿਸਟ ਹੈ ਜਿਸ ਕੋਲ ਇਸ ਚੀਜ਼ ਦੀ ਮੁਹਾਰਤ ਹੁੰਦੀ ਹੈ ਕਿ ਕਿਵੇਂ ਵਤੀਰਾ ਅਤੇ ਹੁਨਰ ਦਿਮਾਗ ਦੇ ਢਾਂਚਿਆਂ ਅਤੇ ਸਿਸਟਮਾਂ ਨਾਲ ਸੰਬੰਧਿਤ ਹੁੰਦੇ ਹਨ। ਕੋਈ ਕੌਂਸਲਰ ਪ੍ਰੈਕਟਿਸ ਦੇ ਵੱਖ ਵੱਖ ਖੇਤਰਾਂ ਦਾ ਮਾਹਰ ਹੋ ਸਕਦਾ ਹੈ ਜਿਵੇਂ ਕਿ ਸਬੰਧਾਂ ਦੇ ਮਸਲੇ, ਡਿਪਰੈਸ਼ਨ, ਵੋਕੇਸ਼ਨਲ ਕਨਸਲਟਿੰਗ, ਨਸ਼ਿਆਂ ਦੀ ਦੁਰਵਰਤੋਂ, ਜਾਂ ਬੱਚਿਆਂ ਦਾ ਪਾਲਣ-ਪੋਸਣ, ਅਤੇ ਉਹ ਠੀਕ ਕਰਨ ਦੀਆਂ ਵੱਖ ਵੱਖ ਪਹੁੰਚਾਂ ਵਰਤਦੇ ਹਨ। ਰਜਿਸਟਰਸ਼ੁਦਾ ਕਲਿਨੀਕਲ ਕੌਂਸਲਰ (ਆਰ ਸੀ ਸੀ) ਨੇ ਬੀ ਸੀ ਐਸੋਸੀਏਸ਼ਨ ਔਫ ਕਲਿਨੀਕਲ ਕੌਂਸਲਰਜ਼ ਦੀਆਂ ਪੜ੍ਹਾਈ, ਨਿਗਰਾਨੀ ਅਤੇ ਕਲਿਨੀਕਲ ਤਰਜਬੇ ਦੀਆਂ ਸ਼ਰਤਾਂ ਕਾਮਯਾਬੀ ਨਾਲ ਪੂਰੀਆਂ ਕੀਤੀਆਂ ਹੁੰਦੀਆਂ ਹਨ।

ਕੁਝ ਥਰਡ ਪਾਰਟੀ ਪੇਮੈਂਟ ਪਲੈਨਾਂ ਜਿਵੇਂ ਕਿ ਐਕਸਟੈਂਡਿਡ ਹੈਲਥ ਕੇਅਰ ਇਨਸ਼ੋਰੈਂਸ ਅਤੇ ਇਮਪਲੌਈ ਜਾਂ ਫੈਮਿਲੀ ਅਸਿਸਟੈਂਸ ਪ੍ਰੋਗਰਾਮ, ਕੌਂਸਲਿੰਗ ਦੀਆਂ ਸੇਵਾਵਾਂ ਦੀ ਅੰਸ਼ਕ ਜਾਂ ਪੂਰੀ ਕਵਰੇਜ ਦਿੰਦੇ ਹਨ। ਸਾਇਕੋਲੋਜਿਸਟ, ਕੌਂਸਲਰ, ਜਾਂ ਹੋਰ ਪ੍ਰੋਫੈਸ਼ਨਲ ਥੈਰਾਪਿਸਟ ਲੱਭਣ ਲਈ ਕੌਂਸਲਿੰਗ ਬੀ ਸੀ ਦੇ ਵੈੱਬਸਾਈਟ ’ਤੇ ਔਨਲਾਈਨ ਡਾਇਰੈਕਟਰੀ ਹੈ: www.counsellingbc.com

**ਸੋਸ਼ਲ ਵਰਕਰ**

ਸੋਸ਼ਲ ਵਰਕਰ ਦੇ ਕੰਮਾਂ ਵਿਚ ਅਮਲੀ ਮਦਦ ਅਤੇ ਜਜ਼ਬਾਤੀ ਹਿਮਾਇਤ ਦੋਨੋਂ ਸ਼ਾਮਲ ਹਨ ਤਾਂ ਜੋ ਕਿ ਮਿਰਗੀ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਵਿਚਰਨ ਅਤੇ ਸਮੱਸਿਆਵਾਂ ਦੇ ਹੱਲ ਲੱਭਣ ਵਿਚ ਮਦਦ ਕੀਤੀ ਜਾ ਸਕੇ। ਸੋਸ਼ਲ ਵਰਕਰ, ਕਮਿਊਨਟੀ ਸੇਵਾਵਾਂ ਕੋਲ ਭੇਜ ਸਕਦੇ ਹਨ, ਸਿੱਖਿਆ ਦੇਣ ਵਾਲੀ ਸਾਮੱਗਰੀ ਦੇ ਸਕਦੇ ਹਨ, ਕਾਨੂੰਨੀ ਅਤੇ ਵਿੱਤੀ ਮਾਮਲਿਆਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਥੋੜ੍ਹੇ ਸਮੇਂ ਦੇ ਅਤੇ ਲੰਮੇ ਸਮੇਂ ਦੇ ਟੀਚੇ ਤਹਿ ਕਰਨ ਵਿਚ ਮਦਦ ਕਰ ਸਕਦੇ ਹਨ ਅਤੇ ਅਜਿਹੀਆਂ ਪਲੈਨਾਂ ਬਣਉਣ ਵਿਚ ਮਦਦ ਕਰ ਸਕਦੇ ਹਨ ਜਿਹੜੀਆਂ ਭਵਿੱਖ ਵਿਚ ਸੰਭਾਲ ਦੀਆਂ ਲੋੜਾਂ ਪੂਰੀਆਂ ਕਰਨਗੀਆਂ। ਸੋਸ਼ਲ ਵਰਕਰਾਂ ਤੱਕ ਪਹੁੰਚ ਸਰਕਾਰੀ ਏਜੰਸੀਆਂ, ਜਾਂ ਬਿਨਾਂ ਮੁਨਾਫੇ ਦੇ ਕੰਮ ਕਰਨ ਵਾਲੀਆਂ ਸੁਸਾਇਟੀਆਂ ਰਾਹੀਂ ਕੀਤੀ ਜਾ ਸਕਦੀ ਹੈ।

**ਵਕੀਲ**

ਵਕੀਲ ਤੁਹਾਡੀ ਇਲਾਜ ਕਰਨ ਵਾਲੀ ਟੀਮ ਦਾ ਕੀਮਤੀ ਹਿੱਸਾ ਹੋ ਸਕਦੇ ਹਨ। ਵਕੀਲ ਜ਼ਰੂਰੀ ਕਾਨੂੰਨੀ ਪੇਪਰ ਤਿਆਰ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਜਿਵੇਂ ਕਿ ਮੁਖਤਾਰਨਾਮਾ ਅਤੇ ਨੁਮਾਇੰਦਗੀ ਦੇ ਇਕਰਾਰਨਾਮੇ, ਜਿਹੜੇ ਤੁਹਾਡੇ ਭਰੋਸੇ ਵਾਲੇ ਲੋਕਾਂ ਨੂੰ ਤੁਹਾਡੇ ਲਈ ਉਦੋਂ ਫੈਸਲੇ ਕਰਨ ਦੇ ਯੋਗ ਬਣਾਉਣਗੇ ਜਦੋਂ ਤੁਸੀਂ ਅਜਿਹਾ ਕਰਨ ਦੇ ਯੋਗ ਨਹੀਂ ਹੁੰਦੇ। ਡਿਸਏਬਿਲਟੀ ਵਿਚ ਮਦਦ ਦੇ ਕਾਨੂੰਨ ਨੂੰ ਸਮਝਣ ਵਾਲੇ ਵਕੀਲ ਵੀ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਪਲੈਨ ਕਰਨ ਵਿਚ ਮਦਦ ਕਰ ਸਕਦੇ ਹਨ ਤਾਂ ਜੋ ਵਿਰਾਸਤਾਂ ਉਸ ਸਰਕਾਰੀ ਸਹਾਇਤਾ ’ਤੇ ਅਸਰ ਨਾ ਕਰਨ ਜਿਹੜੀ ਤੁਸੀਂ ਲੈ ਰਹੇ ਹੋ। ਉਹ ਰੁਜ਼ਗਾਰ, ਰਿਹਾਇਸ਼, ਪਬਲਿਕ ਲਈ ਉਪਲਬਧ ਸੇਵਾਵਾਂ ਅਤੇ ਸਹੂਲਤਾਂ ਲੈਣ ਵਿਚ ਵੀ ਤੁਹਾਡੀ ਮਦਦ ਕਰਨ ਦੇ ਨਾਲ ਨਾਲ ਉਹ ਹੱਕ ਲੈਣ ਵਿਚ ਵੀ ਮਦਦ ਕਰ ਸਕਦੇ ਹਨ ਜਿਨ੍ਹਾਂ ਦਾ ਫੈਸਲਾ ਬੀ ਸੀ ਹਿਊਮਨ ਰਾਈਟਸ ਕੋਡ ਕਰਦਾ ਹੈ।

**ਕਮਿਊਨਟੀ ਸੁਪੋਰਟ ਵਰਕਰ**

ਕਮਿਊਨਟੀ ਸੁਪੋਰਟ ਵਰਕਰ ਬੱਚਿਆਂ ਅਤੇ ਬਾਲਗਾਂ ਦੀ ਵੱਡੇ ਕਮਿਊਨਟੀ ਮਾਹੌਲ ਵਿਚ ਮਦਦ ਕਰਦੇ ਹਨ, ਜਿਸ ਵਿਚ ਕਮਿਊਨਟੀ ਲਿਵਿੰਗ ਏਜੰਸੀਆਂ, ਆਰਾਮ ਦਿਵਾਉਣ ਲਈ ਸੰਭਾਲ, ਸਹਾਇਤਾ ਵਾਲਾ ਰੁਜ਼ਗਾਰ, ਰਿਹਾਇਸ਼ੀ ਮਦਦ, ਅਤੇ ਮਨੋਰੰਜਨ ਅਤੇ ਦਿਨ ਦੇ ਪ੍ਰੋਗਰਾਮ ਸ਼ਾਮਲ ਹਨ।

**ਪੀਅਰ ਸੁਪੋਰਟ ਵਰਕਰ**

ਤੁਸੀਂ ਕਿਸੇ ਪੀਅਰ ਸੁਪੋਰਟ ਵਰਕਰ ਨਾਲ ਸੰਬੰਧ ਕਿਸੇ ਕਮਿਊਨਟੀ ਸੈਂਟਰ, ਸੁਪੋਰਟ ਗਰੁੱਪ, ਚਰਚ, ਜਾਂ ਹੋਰ ਸ੍ਰੋਤ ਤੋਂ ਬਣਾ ਸਕਦੇ ਹੋ। ਮਦਦ ਕਰਨ ਵਾਲੇ ਅਜਿਹੇ ਵਰਕਰ ਉਨ੍ਹਾਂ ਲੋਕਾਂ ਨੂੰ ਸੁਣ ਸਕਦੇ ਹਨ ਅਤੇ ਉਨ੍ਹਾਂ ਨਾਲ ਹਮਦਰਦੀ ਕਰ ਸਕਦੇ ਹਨ ਜਿਹੜੇ ਆਪਣੇ ਫਿਕਰ ਅਤੇ ਡਰ ਦੱਸਣਾ ਚਾਹੁੰਦੇ ਹੋ ਸਕਦੇ ਹਨ, ਜਜ਼ਬਾਤੀ ਜਾਂ ਸਰੀਰਕ ਸੰਕਟ ਦੌਰਾਨ ਮਦਦ ਕਰ ਸਕਦੇ ਹਨ, ਫੈਸਲੇ ਕਰਨ ਵਿਚ ਮਦਦ ਕਰ ਸਕਦੇ ਹਨ ਅਤੇ ਹਿਮਾਇਤੀਆਂ ਵਜੋਂ ਕਾਰਜ ਕਰ ਸਕਦੇ ਹਨ। ਉਹ ਕਿਸੇ ਵਿਅਕਤੀ ਦੀ ਆਪਣੀ ਜ਼ਿੰਦਗੀ ਦੀ ਡੂੰਘੀ ਕੀਮਤ ਦਾ ਪਤਾ ਲਾਉਣ ਅਤੇ ਇਸ ਦਾ ਜਸ਼ਨ ਮਨਾਉਣ ਵਿਚ ਵੀ ਮਦਦ ਕਰ ਸਕਦੇ ਹਨ ਅਤੇ ਨਿੱਜੀ ਮਜ਼ਬੂਤੀਆਂ ਦਾ ਪਤਾ ਲਾਉਣ ਲਈ ਲੋਕਾਂ ਨੂੰ ਉਤਸ਼ਾਹ ਦੇ ਸਕਦੇ ਹਨ। ਮਿਰਗੀ ਵਾਲੇ ਕੁਝ ਲੋਕ ਜਿਹੜੇ ਔਖੀਆਂ ਹਾਲਤਾਂ ਵਿਚ ਦੀ ਲੰਘੇ ਹੋ ਸਕਦੇ ਹਨ ਇਹ ਪਤਾ ਲਾ ਸਕਦੇ ਹਨ ਕਿ ਉਹ ਆਪਣੇ ਤਜਰਬੇ ਇਹੋ ਜਿਹੀਆਂ ਹਾਲਤਾਂ ਵਾਲੇ ਹੋਰ ਲੋਕਾਂ ਦੀ ਮਦਦ ਕਰਨ ਲਈ ਪੇਸ਼ ਕਰ ਸਕਦੇ ਹਨ।

**ਪਰਿਵਾਰ ਅਤੇ ਦੋਸਤ**

ਤੁਹਾਡੇ ਪਰਿਵਾਰ ਦੇ ਮੈਂਬਰ ਅਤੇ ਦੋਸਤ ਅਜਿਹੇ ਲੋਕ ਹਨ ਜਿਹੜੇ ਤੁਹਾਨੂੰ ਸਭ ਤੋਂ ਜ਼ਿਆਦਾ ਦੇਖਦੇ ਹਨ, ਤੁਹਾਨੂੰ ਸਭ ਤੋਂ ਜ਼ਿਆਦਾ ਜਾਣਦੇ ਹਨ, ਅਤੇ ਜਿਨ੍ਹਾਂ ਵਲੋਂ ਸੀਜ਼ਰ ਦੌਰਾਨ ਤੁਹਾਡੀ ਮਦਦ ਕਰਨ ਦੀ ਬਹੁਤ ਸੰਭਾਵਨਾ ਹੈ। ਇਹ ਜ਼ਰੂਰੀ ਹੈ ਕਿ ਉਹ ਸੀਜ਼ਰ ਲਈ ਫਸਟ ਏਡ ਜਾਣਦੇ ਹੋਣ

ਅਤੇ ਉਹ ਬੀ ਸੀ ਐਪੀਲੈਪਸੀ ਸੁਸਾਇਟੀ ਤੋਂ ਫਸਟ ਏਡ ਕਾਰਡ ਵੀ ਕੋਲ ਰੱਖਣਾ ਚਾਹੁੰਦੇ ਹੋ ਸਕਦੇ ਹਨ। ਉਹ ਤੁਹਾਡੇ ਸੀਜ਼ਰਾਂ ਦੀ ਦਰ ਦਾ ਹਿਸਾਬ ਰੱਖਣ ਦੇ ਨਾਲ ਨਾਲ ਇਹ ਨੋਟ ਕਰਨ ਵਿਚ ਵੀ ਮਦਦ ਕਰ ਸਕਦੇ ਹਨ ਕਿ ਸੀਜ਼ਰ ਕਿਸ ਤਰ੍ਹਾਂ ਦੇ ਸਨ ਅਤੇ ਕਿਹੜੀਆਂ ਚੀਜ਼ਾਂ ਸੀਜ਼ਰ ਸ਼ੁਰੂ ਕਰ ਸਕਦੀਆਂ ਹਨ। ਇਸ ਅਮਲੀ ਮਦਦ ਦੇ ਇਲਾਵਾ, ਤੁਹਾਡਾ ਖਿਆਲ ਰੱਖਣ ਵਾਲੇ ਲੋਕ ਜਜ਼ਬਾਤੀ ਮਦਦ ਪ੍ਰਦਾਨ ਕਰਦੇ ਹਨ, ਆਪਣੇ ਤਜਰਬੇ ਸਾਂਝੇ ਕਰਦੇ ਹਨ ਅਤੇ ਤੁਹਾਨੂੰ ਮਿਰਗੀ ਵਾਲੇ ਵਿਅਕਤੀ ਨਾਲੋਂ ਬਹੁਤ ਜ਼ਿਆਦਾ ਸਮਝਦੇ ਹਨ।

## ਹੋਰ ਸਹਾਇਤਾ

ਤੁਹਾਡੀਆਂ ਲੋੜਾਂ ਅਤੇ ਰਹਿਣੀ-ਬਹਿਣੀ ਦੇ ਮੁਤਾਬਕ, ਹੋਰ ਪ੍ਰੋਫੈਸ਼ਨਲ ਵੀ ਕੀਮਤੀ ਮਦਦ ਪ੍ਰਦਾਨ ਕਰ ਸਕਦੇ ਹਨ ਜਿਵੇਂ ਕਿ ਆਕੂਪੇਸ਼ਨਲ ਥੈਰਾਪਿਸਟ, ਨਿਊਰੋਸਰਜਨ, ਪੀਡੀਐਟਰੀਸ਼ਨ, ਡਾਇਟੀਸ਼ਨ, ਫਿਜ਼ੀਓਥੈਰਾਪਿਸਟ, ਬਚਪਨ ਦੇ ਸ਼ੁਰੂ ਵਿਚ ਪੜ੍ਹਾਈ ਕਰਵਾਉਣ ਵਾਲੇ ਅਤੇ ਸਪੈਸ਼ਲ ਐਜੂਕੇਸ਼ਨ ਅਸਿਸਟੈਂਟ। ਆਪਣੀ ਇਲਾਜ ਕਰਨ ਵਾਲੀ ਟੀਮ ਦੇ ਮੁਖੀ ਵਜੋਂ, ਰਚਨਾਤਮਕ ਅਤੇ ਸਰਗਰਮ ਹੋਣਾ, ਅਤੇ ਆਪਣੇ ਆਲੇ-ਦੁਆਲੇ ਦੇ ਵਸੀਲਿਆਂ ਦੀ ਸਭ ਤੋਂ ਬਿਹਤਰ ਵਰਤੋਂ ਕਰਨ ਦਾ ਕੰਮ ਤੁਹਾਡਾ ਹੈ।

ਦਸੰਬਰ 2009 ਵਿਚ ਵੰਡਣ ਲਈ ਮਨਜ਼ੂਰ ਕੀਤਾ (ਐੱਸ ਐੱਲ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**

**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**